# ਹਾਈ ਸਕੂਲ FLASH ਫੈਮਿਲੀ ਹੋਮਵਰਕ

FLASH ਯੂਨਿਟ ਦਾ ਇੱਕ ਟੀਚਾ ਹੈ ਜਿਨਸੀ ਸਿਹਤ ਬਾਰੇ ਮਾਪੇ ਅਤੇ ਨਾਬਾਲਿਗ ਉਮਰ ਦੇ ਮੁੰਡੇ-ਕੁੜੀਆਂ ਦੇ ਸੰਚਾਰ ਵਿੱਚ ਵਾਧਾ ਕਰਨਾ। ਖੋਜ ਦਿਖਾਉਂਦੀ ਹੈ ਕਿ ਅੱਲ੍ਹੜ ਮੁੰਡੇ-ਕੁੜੀਆਂ ਕਿਸੇ ਮਾਪੇ ਜਾਂ ਹੋਰ ਵਿਸ਼ਵਾਸ ਪਾਤਰ ਬਾਲਗ ਨਾਲ ਇਹਨਾਂ ਮੁੱਦਿਆਂ ਬਾਰੇ ਵਧੇਰੇ ਗੱਲ ਕਰਨਾ ਚਾਹੁੰਦੇ ਹਨ, ਅਤੇ ਇਹ ਕਿ ਇਹ ਗੱਲਾਂ ਬਾਤਾਂ ਅੱਲ੍ਹੜ ਉਮਰ ਦੇ ਮੁੰਡੇ-ਕੁੜੀਆਂ ਨੂੰ ਗਰਭਅਵਸਥਾ, STDs ਅਤੇ HIV ਦੀ ਰੋਕਥਾਮ ਕਰਨ ਵਿੱਚ ਮਦਦ ਕਰਨ ਵਿੱਚ ਇੱਕ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਇਹਨਾਂ ਵਿਚਾਰ-ਵਟਾਂਦਰਿਆਂ ਨੂੰ ਵਧੇਰੇ ਆਸਾਨ ਬਣਾਉਣ ਅਤੇ ਅਕਸਰ ਕਰਨ ਲਈ, FLASH ਵਿੱਚ ,ਪਰਿਵਾਰਕ ਹੋਮਵਰਕ ਸ਼ਾਮਲ ਹੈ।

ਹਰੇਕ FLASH ਪਾਠ ਵਿੱਚ ਵਿਦਿਆਰਥੀ ਅਤੇ ਬਾਲਗ ਵਾਸਤੇ ਇਕੱਠਿਆਂ ਗੱਲ ਬਾਤ ਕਰਨ ਵਾਸਤੇ ਇੱਕ ਪਰਿਵਾਰਕ ਹੋਮਵਰਕ ਸਵਾਲ ਹੁੰਦਾ ਹੈ। ਇਹ FLASH ਦੇ ਵਿਸ਼ਿਆਂ ਬਾਰੇ ਗੱਲ ਕਰਨ ਅਤੇ ਆਪਣੇ ਵਿਸ਼ਵਾਸਾਂ, ਅਤੇ ਪਰਿਵਾਰ ਜਾਂ ਸੱਭਿਆਚਾਰ ਦੇ ਵਿਸ਼ਵਾਸਾਂ ਨੂੰ ਸਾਂਝਾ ਕਰਨ ਦਾ ਮੌਕਾ ਹੈ। ਅਧਿਆਪਕ ਪਰਿਵਾਰਕ ਹੋਮਵਰਕ ਸਬੰਧੀ ਗੱਲਾਂਬਾਤਾਂ ਬਾਰੇ ਨਹੀਂ ਪੁੱਛਣਗੇ। ਪਰਿਵਾਰਕ ਹੋਮਵਰਕ  ਕਰਨ ਲਈ ਕਿਹਾ ਜਾਂਦਾ ਹੈ ਪਰ ਇਸ ਨੂੰ ਕਰਨਾ ਲਾਜਮੀ ਨਹੀਂ ਹੈ। ਵਿਦਿਆਰਥੀ ਉਨੇ ਕਰੈਡਿਟ ਵਾਸਤੇ ਇੱਕ ਵਿਅਕਤੀਗਤ ਹੋਮਵਰਕ ਅਸਾਈਨਮੈਂਟ ਨੂੰ ਪੂਰਾ ਕਰ ਸਕਦੇ ਹਨ।

ਪਰਿਵਾਰਕ ਹੋਮਵਰਕ ਬਾਰੇ ਪੜ੍ਹਨ ਲਈ ਸਮਾਂ ਕੱਢਣ ਲਈ ਤੁਹਾਡਾ ਧੰਨਵਾਦ। ਅਸੀਂ ਉਮੀਦ ਕਰਦੇ ਹਾਂ ਕਿ ਇਹ, ਤੁਹਾਨੂੰ ਅਤੇ ਤੁਹਾਡੇ ਨਾਬਾਲਿਗ ਉਮਰ ਦੇ ਮੁੰਡੇ-ਕੁੜੀਆਂ ਨੂੰ, ਮਹਤਵਪੂਰਨ ਗਲਬਾਤ ਕਰਨ ਵਿੱਚ ਮਦਦ ਕਰੇਗਾ । ਪਰਿਵਾਰਕ ਹੋਮਵਰਕ ਕੰਮਾਂ ਨੂੰ ਪੂਰਾ ਕਰਨ ਲਈ, ਬੱਸ ਹਰ ਦਿਨ ਦੇ ਪਾਠ ਦੇ ਸਵਾਲਾਂ ਤੇ ਵਿਚਾਰ-ਵਟਾਂਦਰਾ ਕਰੋ। ਬਾਲਗਾਂ ਨੂੰ ਆਪਣੇ ਨੌਜਵਾਨ ਵਿਅਕਤੀ ਨਾਲ ਵਿਚਾਰ-ਵਟਾਂਦਰਾ ਕੀਤੇ ਹਰੇਕ ਪਾਠ ਨੂੰ ਅਣੀਸ਼ਿਅਲ ਕਰਨਾ ਚਾਹੀਦਾ ਹੈ ਅਤੇ ਹੇਠਾਂ ਪ੍ਰਦਾਨ ਕੀਤੀ ਜਗਹ ਤੇ ਸਾਈਨ ਇਨ ਕਰਨੇ ਚਾਹੀਦੇ ਹਣ।

_______________________________________________

ਬਾਲਗ ਦੇ ਦਸਤਖਤ

_______________________________________________

ਵਿਦਿਆਰਥੀ ਦਾ ਨਾਮ

| **FLASH ਪਰਿਵਾਰਕ ਹੋਮਵਰਕ ਲਈ ਸਵਾਲ** | **ਬਾਲਗ ਦੇ ਅਣੀਸ਼ਿਅਲ** |
|---|---|
| Lesson 1: ਜਲਵਾਯੂ ਸੈਟਿੰਗ<br>ਅੱਜ ਦੇ ਪਾਠ ਦਾ ਕੋਈ ਸਵਾਲ ਨਹੀਂ ਹੈ। ਕਿਰਪਾ ਕਰਕੇ ਫਲੈਸ਼ ਪਰਿਵਾਰਕ ਹੋਮਵਰਕ ਬਾਰੇ ਇਸ ਪੰਨੇ 'ਤੇ ਦਿੱਤੀ ਜਾਣਕਾਰੀ ਨੂੰ ਪੜ੍ਹੋ। | |
| Lesson 2: ਜਮੰਣ ਪ੍ਰਣਾਲੀ<br>ਤੁਸੀਂ ਕਿਉਂ ਸੋਚਦੇ ਹੋ ਕਿ ਜਣਨ ਪ੍ਰਣਾਲੀ ਬਾਰੇ ਸਿੱਖਣਾ ਮਹੱਤਵਪੂਰਨ ਹੈ? | |
| Lesson 3: ਗਰਭ<br>ਕੀ ਤੁਸੀਂ ਅੱਜ ਗਰਭਅਵਸਥਾ ਬਾਰੇ ਕੁਝ ਸਿੱਖਿਆ ਸੀ ਜਿਸ ਨੇ ਤੁਹਾਨੂੰ ਹੈਰਾਨ ਕਰ ਦਿੱਤਾ ਸੀ? | |

| | |
|---|---|
| Lesson 4: ਜਿਨਸੀ ਝੁਕਾਓ ਅਤੇ ਲਿੰਗ ਪਛਾਣ<br>ਲੋਕਾਂ ਵਾਸਤੇ, ਆਪਣੀ ਪਛਾਣ ਬਾਰੇ ਚੰਗਾ ਮਹਿਸੂਸ ਕਰਨਾ, ਮਹੱਤਵਪੂਰਨ ਕਿਉਂ ਹੈ? | |
| Lesson 5: ਲਿੰਗੀ ਗਲਤ ਵਿਚਾਰ<br>ਉਹ ਕਿਹੜੇ ਲਿੰਗੀ ਗਲਤ ਵਿਚਾਰ ਹਨ ਜੋ ਤੁਹਾਡੀ ਸੋਚ ਅਨੁਸਾਰ ਨੁਕਸਾਨ ਦਾਇਕ ਹਨ? ਇਹਨਾਂ ਨੂੰ ਬਦਲਣ ਦੀ ਕੋਸ਼ਿਸ਼ ਕਰਨ ਲਈ ਸਾਨੂੰ ਕੀ ਕਰਨਾ ਚਾਹੀਦਾ ਹੈ? | |
| Lesson 6: ਬੇਹਤਰਿਨ ਰਿਸ਼ਤੇ<br>ਕਿਸੇ ਰਿਸ਼ਤੇ ਦਾ ਵਰਣਨ ਕਰੋ ਜਿਸ ਬਾਰੇ ਤੁਸੀਂ ਦੇਖਿਆ ਜਾਂ ਪੜ੍ਹਿਆ ਹੈ। ਇਸ ਰਿਸ਼ਤੇ ਦੀਆਂ ਕਿਹੜੀਆਂ ਵਿਸ਼ੇਸ਼ਤਾਵਾਂ ਤੁਹਾਡੇ ਮੁਤਾਬਕ ਚੰਗੀਆਂ, ਮਾੜੀਆਂ, ਜਾਂ ਸ਼ੋ ਬਦਸਲੂਕੀ ਦੇ ਚੇਤਾਵਨੀ ਚਿੰਨ੍ਹ ਹਨ? | |
| Lesson 7: ਜ਼ਬਰਦਸਤੀ ਅਤੇ ਸਹਿਮਤੀ<br>ਤੁਹਾਡੀ ਸੋਚ ਅਨੁਸਾਰ ਕਿਸੇ ਜਿਨਸੀ ਪ੍ਰਸਥਿਤੀ ਵਿੱਚ ਹਮੇਸ਼ਾ ਸਹਿਮਤੀ ਲੈਣਾ ਮਹੱਤਵਪੂਰਨ ਕਿਉ ਹੈ? ਜੇ ਕਿਸੇ ਵਿਅਕਤੀ ਨੂੰ, ਦੂਜੇ ਵਿਅਕਤੀ ਦੀ ਸਹਿਮਤੀ ਬਾਰੇ ਪੱਕਾ ਪਤਾ ਨਹੀਂ ਹੈ ਤਾਂ ਉਸਨੂੰ ਕੀ ਕਰਨਾ ਚਾਹੀਦਾ ਹੈ? | |
| Lesson 8: ਇੰਟਰਨੈੱਟ ਸੁਰੱਖਿਆ<br>ਇੰਟਰਨੈੱਟ ਤੇ ਸੁਰੱਖਿਅਤ ਰਹਿਣ ਲਈ ਤੁਸੀਂ ਪਹਿਲਾਂ ਹੀ ਕੀ ਕਰਦੇ ਹੋ? ਤੁਸੀਂ ਔਨਲਾਈਨ ਸੁਰੱਖਿਅਤ ਰਹਿਣ ਲਈ ਇੱਕ ਦੂਜੇ ਦੀ ਕਿਵੇਂ ਮਦਦ ਕਰ ਸਕਦੇ ਹੋ? | |
| Lesson 9: ਸੰਜਮ<br>ਨਾਬਾਲਿਗ ਉਮਰ ਦੇ ਮੁੰਡੇ-ਕੁੜੀਆਂ ਦੇ ਡੇਟ ਕਰਨ ਬਾਰੇ ਤੁਸੀਂ ਕਿਵੇਂ ਮਹਿਸੂਸ ਕਰਦੇ ਹੋ? ਤੁਹਾਡੇ ਹਿਸਾਬ ਨਾਲ ਇਕ ਵਿਅਕਤੀ ਸੰਭੋਗ ਕਰਨ ਲਈ ਕਦੋਂ ਤਿਆਰ ਹੈ? | |
| Lesson 10: ਜਣਨ ਕੰਟਰੋਲ ਵਿਧੀਆਂ<br>ਗਰਭਅਵਸਥਾ ਦੀ ਰੋਕਥਾਮ ਕਰਨ ਲਈ ਜਣਨ ਕੰਟਰੋਲ ਦੀ ਵਰਤੋਂ ਕਰਨ ਵਾਲੇ ਲੋਕਾਂ ਬਾਰੇ ਤੁਸੀਂ ਕਿਵੇਂ ਮਹਿਸੂਸ ਕਰਦੇ ਹੋ? | |
| Lesson 11: HIV ਅਤੇ ਹੋਰ STDs ਦੀ ਰੋਕਥਾਮ ਕਰਨਾ<br>ਤੁਹਾਡੇ ਖਿਆਲ ਵਿੱਚ ਕਿਸੇ ਵਿਅਕਤੀ ਨੂੰ STDs ਅਤੇ HIV ਬਾਰੇ ਆਪਣੇ ਸਾਥੀ ਨਾਲ ਕੀ ਵਿਚਾਰ-ਵਟਾਂਦਰਾ ਕਰਨਾ ਚਾਹੀਦਾ ਹੈ? | |
| Lesson 12: ਕੋਨਡੋਮ<br>ਤੁਹਾਡੇ ਖਿਆਲ ਵਿੱਚ ਕਿਸੇ ਨੂੰ ਕੰਡੋਮ ਦੀ ਵਰਤੋਂ ਕਦੋਂ ਕਰਨੀ ਚਾਹੀਦੀ ਹੈ? | |
| Lesson 13: STD ਅਤੇ HIV ਵਾਸਤੇ ਟੈਸਟ ਕਰਨਾ<br>ਤੁਸੀਂ ਉਹਨਾਂ ਅੱਲ੍ਹੜ ਉਮਰ ਦੇ ਮੁੰਡੇ-ਕੁੜੀਆਂ ਨੂੰ ਕਿਹੜੀ ਸਲਾਹ ਦੇਵੋਗੇ ਜੋ ਚਿੰਤਤ ਹਨ ਕਿ ਉਹਨਾਂ ਨੂੰ ਕੋਈ STD ਜਾਂ HIV ਹੋ ਸਕਦੀ ਹੈ? ਉਦਾਹਰਨ ਲਈ, ਉਹਨਾਂ ਨੂੰ ਕਿਸ ਨੂੰ ਦੱਸਣਾ ਚਾਹੀਦਾ ਹੈ, ਅਤੇ ਉਹਨਾਂ ਨੂੰ ਮਦਦ ਵਾਸਤੇ ਕਿੱਥੇ ਜਾਣਾ ਚਾਹੀਦਾ ਹੈ? | |
| Lesson 14: ਸੰਚਾਰ ਅਤੇ ਫੈਸਲਾ ਕਰਨਾ<br>ਕਿਸੇ ਹੋਰ ਨਾਲ ਫੈਸਲਾ ਕਰਦੇ ਸਮੇਂ ਕਿਸ ਕਿਸਮ ਦੀਆਂ ਚੀਜ਼ਾਂ ਬਾਰੇ ਸੋਚਣਾ ਮਹੱਤਵਪੂਰਨ ਹੈ? | |